ਅਜੀਤ 7
ਐਤਵਾਰ, 22 ਦਸੰਬਰ 2024

# ਚੰਡੀਗੜ੍ਹ 'ਚ ਸਾਹਿਤ ਅਕਾਦਮੀ ਦਿੱਲੀ ਵਲੋਂ 'ਸਾਹਿਤ ਅਤੇ ਦਰਸ਼ਨ ਅੰਤਰ-ਸੰਵਾਦ' ਤਹਿਤ ਕਰਵਾਇਆ ਸੈਮੀਨਾਰ

ਚੰਡੀਗੜ੍ਹ, 21 ਦਸੰਬਰ (ਅਜਾਇਬ ਸਿੰਘ ਔਜਲਾ)-ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵਲੋਂ ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਦੇ ਸਹਿਯੋਗ ਨਾਲ 'ਸਾਹਿਤ ਅਤੇ ਦਰਸ਼ਨ: ਅੰਤਰ-ਸੰਵਾਦ' ਤਹਿਤ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਪਹਿਲੇ ਦਿਨ ਅੱਜ ਦੇ ਉਦਘਾਟਨੀ ਸੈਸ਼ਨ ਵਿਚ ਸਾਹਿਤ ਅਕਾਦਮੀ, ਦਿੱਲੀ ਵੱਲੋਂ ਕੁਮਾਰ ਅਨੁਪਮ ਵੱਲੋਂ ਸੁਆਗਤੀ ਸ਼ਬਦ ਕਹੇ ਗਏ; ਉਨ੍ਹਾਂ ਕਿਹਾ ਕਿ ਦਰਸ਼ਨ ਦਾ ਆਪਣਾ ਸਾਹਿਤ ਹੁੰਦਾ ਹੈ ਅਤੇ ਸਾਹਿਤ ਦਾ ਆਪਣਾ ਦਰਸ਼ਨ ਹੁੰਦਾ ਹੈ। ਉਪਰੰਤ 'ਵਿਸ਼ੇ ਨਾਲ ਜਾਣ-ਪਛਾਣ' ਡਾ. ਰਵੇਲ ਸਿੰਘ, ਕਨਵੀਨਰ, ਪੰਜਾਬੀ ਸਲਾਹਕਾਰ ਬੋਰਡ,ਭਾਰਤੀ ਸਾਹਿਤ, ਅਕਾਦਮੀ ਵੱਲੋਂ ਕਰਵਾਈ ਗਈ, ਉਨ੍ਹਾਂ ਵਿਸ਼ੇ ਬਾਰੇ ਕਿਹਾ ਕਿ ਇਹ ਦੋਵੇਂ ਵਿਧਾਵਾਂ ਬੜੀਆਂ ਜਟਲ ਨੇ ਪਰ ਅੰਤਰ ਸੰਬੰਧਿਤ ਵੀ ਨੇ ਇਨ੍ਹਾਂ ਵਿਚ ਬੜਾ ਹੀ ਮਹੀਨ ਫ਼ਰਕ ਹੈ। ਕੋਈ ਵੀ ਚੰਗੀ ਰਚਨਾ ਇਸ ਦੇ ਸੁਮੇਲ ਤੋਂ ਹੀ ਬਣਦੀ ਹੈ। ਕੁੰਜੀਵਤ ਭਾਸ਼ਣ, ਉੱਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ ਵੱਲੋਂ ਦਿੱਤਾ ਗਿਆ; ਉਨ੍ਹਾਂ ਕਿਹਾ ਕੇ ਲੋਕ ਸਾਹਿਤ ਵਿਚ ਦਰਸ਼ਨ ਲਿਖਦੇ ਨੇ ਉਨ੍ਹਾਂ ਸਾਹਿਤ ਤਜਰਬਾ ਦਿੰਦਾ ਹੈ ਤੇ ਦਰਸ਼ਨ ਗਿਆਨ ਦਿੰਦਾ ਹੈ। ਪ੍ਰਮੁੱਖ ਮਹਿਮਾਨ ਦੇ ਤੌਰ 'ਤੇ ਭਾਰਤੀ ਸਾਹਿਤ ਅਕਾਦਮੀ ਵੱਲੋਂ ਮਾਧਵ ਕੌਸ਼ਿਕ ਹੋਰਾਂ ਨੇ ਵਿਚਾਰਿਆ ਕਿ ਸਾਡੇ ਸਾਰੇ ਪੁਰਾਣੇ ਦਾਰਸ਼ਨਿਕ, ਸੰਤ ਕਵੀ ਸਨ। ਸਾਹਿਤ ਦੇ ਦਰਸ਼ਨ ਨੂੰ ਨਿਖੇੜਿਆ ਨਹੀਂ ਜਾ ਸਕਦਾ। ਪ੍ਰਧਾਨਗੀ ਭਾਸ਼ਣ ਸਰਬਜੀਤ ਸਿੰਘ ਸਵੀ, ਚੇਅਰਮੈਨ, ਪੰਜਾਬ ਕਲਾ ਪਰਿਸ਼ਦ ਵੱਲੋਂ ਦਿੱਤਾ ਗਿਆ। ਉਨ੍ਹਾਂ ਆਪਣੇ ਕਥਨ ਵਿਚ ਅੱਜ ਦੇ ਉਦਘਾਟਨੀ ਸੈਸ਼ਨ ਨੂੰ ਸਾਰਥਿਕ ਦੱਸਿਆ। ਉਨ੍ਹਾਂ ਕਿਹਾ ਕਿ ਸਾਹਿਤ ਤੇ ਦਰਸ਼ਨ ਦਾ ਅੰਤਰ ਸੰਬੰਧ ਤਾਂ ਹੈ ਹੀ ਅਤੇ ਅੱਗੇ ਆਉਣ ਵਾਲੀਆਂ ਚੁਣੌਤੀਆਂ ਨੂੰ ਦੋਵਾਂ ਨੇ ਇਕੱਠਿਆਂ ਨਜਿੱਠਣਾ ਹੈ। ਉਦਘਾਟਨੀ ਸਮਾਰੋਹ ਵਿਚ ਆਏ ਮਹਿਮਾਨਾਂ ਦਾ ਧੰਨਵਾਦ ਡਾ. ਯੋਗਰਾਜ, ਵਾਈਸ ਚੇਅਰਮੈਨ, ਪੰਜਾਬ ਕਲਾ ਪਰਿਸ਼ਦ ਵੱਲੋਂ ਕੀਤਾ ਗਿਆ।

ਅੱਜ ਦੇ ਪਹਿਲੇ ਸੈਸ਼ਨ ਦੀ ਸ਼ੁਰੂਆਤ ਕਰਦੇ ਹੋਏ ਉੱਘੇ ਵਿਦਵਾਨ ਡਾ. ਰੌਣਕੀ ਰਾਮ ਨੇ ਆਪਣੇ ਪਰਚੇ : 'ਵਿਰਾਸਤੀ ਅਤੇ ਦਲਿਤ ਸਾਹਿਤ' 'ਤੇ ਚਾਨਣਾ ਪਾਉਂਦੇ ਇਸ ਦੀ ਮੌਲਿਕਤਾ ਅਤੇ ਆਧੁਨਿਕ ਜਾਇਜ਼ੇ ਤੋਂ ਵੀ ਨਿਰਖ-ਪਰਖ ਕੀਤੀ। ਨੌਜਵਾਨ ਆਲੋਚਕ ਡਾ. ਮਨਜਿੰਦਰ ਸਿੰਘ ਨੇ 'ਗੁਰਮਤਿ ਕਾਵਿ ਵਿਚ ਅਦਵੈਦ ਦਾ ਦਾਰਸ਼ਨਿਕ ਵਿਰਤਾਂਤ' ਤਹਿਤ ਆਪਣਾ ਪਰਚਾ ਪੜ੍ਹਦੇ ਹੋਏ ਵਿਚਾਰ ਰੱਖੇ ਕਿ ਗੁਰਬਾਣੀ ਵਿਚ ਅਦਵੈਤ ਕੇਂਦਰੀ ਧੁਰੇ ਵਜੋਂ ਆਉਂਦਾ ਹੈ, ਗੁਰਬਾਣੀ ਵਿਚ ਦਾਰਸ਼ਨਿਕਤਾ ਵਾਲੀ ਕਾਵਿਕਤਾ ਹੈ। ਇਸ ਸੈਸ਼ਨ ਦੇ ਆਖ਼ਰੀ ਬੁਲਾਰੇ ਵਜੋਂ ਡਾ. ਮਨਮੋਹਨ ਨੇ ਕਿਹਾ ਕਿ ਜੇ ਅਸੀਂ ਦਰਸ਼ਨ ਤੇ ਸਾਹਿਤ ਨੂੰ ਅਲੱਗ ਮੰਨਦੇ ਹਾਂ ਤਾਂ ਇਹ ਅਲੱਗ ਹੈ ਹੀ; ਸਾਹਿਤ ਤੇ ਦਰਸ਼ਨ ਆਪਣੀ ਭਾਸ਼ਾ ਕਰਕੇ ਅਲੱਗ ਹਨ, ਦਰਸ਼ਨ ਬਿਨਾਂ ਸਾਹਿਤ ਸਿਰਫ਼ ਅਨੰਦ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਅੱਜ ਦਾ ਸੈਸ਼ਨ ਬਹੁਤ ਭਾਵਪੂਰਤ ਰਿਹਾ। ਇਸ ਸਮਾਗਮ ਦਾ ਮੰਚ ਸੰਚਾਲਨ ਉੱਘੇ ਆਲੋਚਕ ਡਾ. ਪ੍ਰਵੀਨ ਕੁਮਾਰ ਨੇ ਬਾਖ਼ੂਬੀ ਕੀਤਾ। ਇਸ ਸੈਮੀਨਾਰ ਵਿਚ ਅਸ਼ਵਨੀ ਚੈਟਲੇ,ਡਾ. ਲਾਭ ਸਿੰਘ ਖੀਵਾ, ਡਾ. ਗੁਰਮੇਲ ਸਿੰਘ, ਗੁਲ ਚੌਹਾਨ, ਪ੍ਰੋ. ਅਤੈ ਸਿੰਘ, ਪ੍ਰੀਤਮ ਰੁਪਾਲ, ਸੁਰਜ ਭਾਸਕਰ, ਪ੍ਰੋ. ਦਿਲਬਾਗ, ਗੁਰਿੰਦਰ ਸਿੰਘ ਮਲਿਕ, ਪਾਲ ਅਜਨਬੀ, ਦੀਪਕ ਸ਼ਰਮਾ ਚਨਾਰਥਲ, ਦਵਿੰਦਰ ਦਮਨ, ਬਲੀਜੀਤ, ਸਰਬਜੀਤ ਧਾਲੀਵਾਲ, ਜਗਦੀਪ ਸਿੱਧੂ, ਹਰਬੰਸ ਸੋਢੀ, ਜਸਪਾਲ ਫਿਰਦੌਸੀ, ਤੋਂ ਇਲਾਵਾ ਡਾ. ਹਰਬੰਸ ਕੌਰ, ਪ੍ਰੋ. ਗੁਰਦੇਵ ਸਿੰਘ, ਰਾਜਵਿੰਦਰ ਸਿੰਘ ਰਾਹੀ, ਮਨਦੀਪ ਕੌਰ ਮਰਾਜ, ਸੰਜੀਵਨ ਸਿੰਘ ਅਤੇ ਸਿਮਰਨਜੀਤ ਕੌਰ ਆਦਿ ਨੇ ਸ਼ਿਰਕਤ ਕੀਤੀ।



ਚੰਡੀਗੜ੍ਹ 'ਚ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਕਰਵਾਏ ਸਮਾਰੋਹ ਦੌਰਾਨ ਡਾ. ਮਨਮੋਹਨ ਸਿੰਘ, ਡਾ. ਮਨਜਿੰਦਰ ਸਿੰਘ ਅਤੇ ਡਾ. ਯੋਗਰਾਜ ਬੈਠਕ 'ਚ ਸ਼ਿਰਕਤ ਕਰਦੇ ਹੋਏ। ਤਸਵੀਰ : ਕਮਲਜੀਤ ਸਿੰਘ